ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172-5015864, 5015865,
ਫੈਕਸ: 0172-2624687 ਈ-ਮੇਲ perveshssa@gmail.com

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/000721
ਮਿਤੀ ਚੰਡੀਗੜ੍ਹ 11-01-13

**ਵਿਸ਼ਾ: 'ਸੁਣੋ ਸੁਣਾਵਾਂ' ਰੇਡੀਓ ਪ੍ਰੋਗਰਾਮ ਸਾਲ 2012-13 ਦੇ ਮਿਤੀ 15.01.2013 ਤੋਂ 31.01.2013 ਤੱਕ ਦੇ ਸ਼ਡਿਊਲ ਸਬੰਧੀ।**

**ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/90368 ਮਿਤੀ 13.12.12, ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/000213 ਮਿਤੀ 03.01.13 ਅਤੇ ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/000418-419 ਮਿਤੀ 08.01.13**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2012-13 ਲਈ ਰੇਡੀਓ ਪ੍ਰੋਗਰਾਮ ਮਿਤੀ 20.12.2012 ਤੋਂ ਸ਼ੁਰੂ ਕੀਤਾ ਜਾ ਚੁੱਕਾ ਹੈ। ਇਸ ਪ੍ਰੋਗਰਾਮ ਦਾ ਜਨਵਰੀ ਮਹੀਨੇ ਦਾ ਸ਼ਡਿਊਲ (15.01.13 ਤੋਂ 31.01.13 ਤੱਕ) ਇਸ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਸਮਾਂ ਬਾਅਦ ਦੁਪਹਿਰ 2:30 ਤੋਂ 2:50 ਵਜੇ ਤੱਕ ਹੋਵੇਗਾ। ਇਹ ਪ੍ਰੋਗਰਾਮ ਜਮਾਤ ਅਨੁਸਾਰ ਪ੍ਰਸਾਰਿਤ ਕੀਤਾ ਜਾਣਾ ਹੈ। ਇਹ ਪ੍ਰੋਗਰਾਮ ਪ੍ਰਸਾਰ ਭਾਰਤੀ ਆਲ ਇੰਡੀਆ ਰੇਡੀਓ ਜਲੰਧਰ ਰਾਹੀਂ ਹੇਠ ਲਿਖੇ ਪੰਜ ਸਟੇਸ਼ਨਾਂ ਤੋਂ ਪ੍ਰਸਾਰਿਤ ਕੀਤਾ ਜਾਵੇਗਾ:-

2.1 ਰੀਜ਼ਨਲ ਚੈਨਲ ਐਫ.ਐਮ. ਜਲੰਧਰ (MW 343.6)

2.2 ਐਫ.ਐਮ. ਰੇਨਬੋ ਸਟੇਸ਼ਨ ਜਲੰਧਰ (102.7 Mhz)

2.3 ਲੋਕਲ ਰੇਡੀਓ ਸਟੇਸ਼ਨ ਬਠਿੰਡਾ (101.1 Mhz)

2.4 ਲੋਕਲ ਰੇਡੀਓ ਸਟੇਸ਼ਨ ਪਟਿਆਲਾ (100.2 Mhz)

2.5 ਵਿਵਿਧ ਭਾਰਤੀ ਚੈਨਲ, ਆਲ ਇੰਡੀਆ ਰੇਡੀਓ ਚੰਡੀਗੜ੍ਹ (107.2 Mhz)

3.0 ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਾਰੇ ਸਕੂਲਾਂ ਦੇ ਰੇਡੀਓ ਠੀਕ ਕੰਮ ਕਰਦੇ ਹੋਣ ਤਾਂ ਜੋ ਪ੍ਰੋਗਰਾਮ ਨੂੰ ਸੁਣਨ ਵਿੱਚ ਬੱਚਿਆਂ ਨੂੰ ਕੋਈ ਸਮੱਸਿਆ ਨਾ ਆਵੇ।

4.0 ਰੇਡੀਓ ਪ੍ਰੋਗਰਾਮ ਦਾ ਮਿਤੀਵਾਰ ਸ਼ਡਿਊਲ ਜੋ ਕਿ ਇਸ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ, ਨੂੰ ਵੀ ਹਰ ਸਕੂਲ ਅੰਦਰ ਤੁਰੰਤ ਪਹੁੰਚਦਾ ਕਰਨਾ ਆਪ ਜੀ ਦੀ ਜ਼ਿੰਮੇਵਾਰੀ ਹੋਵੇਗੀ।

5.0 ਸਮੂਹ ਡੀ.ਆਰ.ਪੀ./ਬੀ.ਆਰ.ਪੀ. ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਾਹਿਬਾਨ ਸਕੂਲਾਂ ਅੰਦਰ ਵਿਜ਼ਟ ਦੌਰਾਨ ਬਕਾਇਦਾ ਰੇਡੀਓ ਦੇ ਚਾਲੂ ਹਾਲਤ ਵਿੱਚ ਹੋਣ ਅਤੇ ਰੇਡੀਓ ਪ੍ਰੋਗਰਾਮਾਂ ਦੇ ਪ੍ਰਸਾਰਣ ਸਬੰਧੀ ਸਕੂਲ ਵਿੱਚ ਪਹੁੰਚੇ ਸ਼ਡਿਊਲ ਦੀ ਸਕੂਲ ਮੁਖੀ ਨਾਲ ਗੱਲਬਾਤ ਕਰਨਗੇ।

60 ਰੇਡੀਓ ਪ੍ਰੋਗਰਾਮ ਨੂੰ ਮਾਨੀਟਰ ਕਰਕੇ ਇਸ ਦੀ ਰਿਪੋਰਟ ਵੀ ਮੁੱਖ ਦਫ਼ਤਰ ਨੂੰ ਭੇਜੀ ਜਾਵੇ।

7.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠਅੰਕਣ ਨੰ: ਉਕਤ/** 000722 **ਮਿਤੀ:** 11-01-13

ਉਤਾਰਾ (1) ਸਮੂਹ ਪ੍ਰਾਇਮਰੀ ਸਕੂਲ ਮੁਖੀ (ਵੈਬਸਾਈਟ ਰਾਹੀਂ)।

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਜਾਬ (ਵੈਬਸਾਈਟ ਰਾਹੀਂ)।

(3) ਸਮੂਹ ਪ੍ਰਵੇਸ਼ ਜ਼ਿਲ੍ਹਾ ਕੋਆਰਡੀਨੇਟਰ ਪੰਜਾਬ।

(4) ਡੀ.ਐਮ. (ਐਮ.ਆਈ.ਐਸ.) (ਵੈਬਸਾਈਟ ਤੇ ਪਾਉਣ ਲਈ)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

| ਸ਼ਡਿਊਲ ਰੇਡਿਓ ਪ੍ਰੋਗਰਾਮ-ਸਾਲ 2012-13 | | | | | | |
|---|---|---|---|---|---|---|
| ਮਿਤੀ 15-01-2013 ਤੋਂ 31-01-2013 ਤੱਕ | | | | | | |
| ਲੜੀ ਨੰ | ਮਿਤੀ | ਦਿਨ | ਜਮਾਤ | ਵਿਸ਼ਾ | ਪਾਠ ਨੰ | ਪ੍ਰੋਗਰਾਮ ਦਾ ਨਾਂ |
| 1 | 15.01.13 | ਮੰਗਲਵਾਰ | ਚੌਥੀ | ਪੰਜਾਬੀ | 12 | ਮਾਤਾ ਗੁਜਰੀ ਜੀ |
| 2 | 16.01.13 | ਬੁੱਧਵਾਰ | ਪੰਜਵੀਂ | ਪੰਜਾਬੀ | 18 | ਮੇਲਾ-ਜਗਰਾਵਾਂ ਦੀ ਰੌਸ਼ਨੀ |
| 3 | 19.01.13 | ਸ਼ਨਿੱਚਰਵਾਰ | ਚੌਥੀ/ਪੰਜਵੀਂ | ਅੰਗਰੇਜ਼ੀ | | Blooming Buds |
| 4 | 21.01.13 | ਸੋਮਵਾਰ | ਪੰਜਵੀਂ | ਹਿੰਦੀ | ... | ਵਰਣਮਾਲਾ-ਹਿੰਦੀ ਮਾਤਰਾਵਾਂ |
| 5 | 22.01.13 | ਮੰਗਲਵਾਰ | ਪਹਿਲੀ ਤੋਂ ਪੰਜਵੀਂ | ਜਨਰਲ | ... | ਮੋਤੀਆਂ ਵਰਗੇ ਅੱਖਰ |
| 6 | 23.01.13 | ਬੁੱਧਵਾਰ | ਤੀਸਰੀ | ਵਾਤਾਵਰਣ ਸਿੱਖਿਆ | 5 | ਪੌਦੇ ਸਾਡੇ ਮਿੱਤਰ |
| 7 | 24.01.13 | ਵੀਰਵਾਰ | ਚੌਥੀ | ਪੰਜਾਬੀ | 17 | ਬਾਬਾ ਭਕਨਾ |
| 8 | 25.01.13 | ਸ਼ੁੱਕਰਵਾਰ | ਚੌਥੀ | ਵਾਤਾਵਰਣ ਸਿੱਖਿਆ | 12 | ਸਾਡੇ ਰਾਸ਼ਟਰੀ ਤਿਉਹਾਰ ਤੇ ਰਾਸ਼ਟਰੀ ਦਿਵਸ |
| 9 | 28.01.13 | ਸੋਮਵਾਰ | ਪੰਜਵੀਂ | ਪੰਜਾਬੀ | 7 | ਸ਼ਹੀਦ ਊਧਮ ਸਿੰਘ |
| 10 | 29.01.13 | ਮੰਗਲਵਾਰ | ਪੰਜਵੀਂ | ਪੰਜਾਬੀ | 6 | ਸਾਂਝੀ ਮਾਈ |
| 11 | 30.01.13 | ਬੁੱਧਵਾਰ | ਤੀਸਰੀ/ਚੌਥੀ/ਪੰਜਵੀਂ | ਗਣਿਤ | ਤੀਸਰੀ-4, ਚੌਥੀ-4 ਅਤੇ ਪੰਜਵੀਂ-10 | ਭਿੰਨਾਂ |
| 12 | 31.01.13 | ਵੀਰਵਾਰ | ਚੌਥੀ/ਪੰਜਵੀਂ | ਪੰਜਾਬੀ | ਚੌਥੀ-9 ਅਤੇ ਪੰਜਵੀਂ-15 | ਚੰਗਾ ਭੋਜਨ |